# 10TH AVENUE ਹੋਸਪਿਟਲ ਜ਼ੋਨ ਪੜਾਅ 2
## ਜਨਤਾ ਲਈ ਸੜਕ ਤੋਂ ਦੂਰ ਪਾਰਕਿੰਗ




- 6 P — ਨਿਯਮਿਤ ਮੁਲਾਕਾਤੀ ਪਾਰਕਿੰਗ ਸਥਾਨ
- ♿0 — ਪਹੁੰਚਯੋਗ ਪਾਰਕਿੰਗ ਸਥਾਨ
- ➔ ਲੌਟ ਲਈ ਪਹੁੰਚ ਬਿੰਦੂ
- ਇਸ ਬਲੌਕ ਲਈ ਵਨ-ਵੇਅ
- ! ICORD ਰਿਸਰਚ ਭਾਗੀਦਾਰਾਂ ਅਤੇ ਬਲੁਸਨ ਮਰੀਜ਼ਾਂ ਲਈ ਰਿਜ਼ਰਵਡ
- ਐਮਰਜੇਂਸੀ ਰੂਮ

**ਅਦਾਰੇ**

- A ਬੈਨਫੀਲਡ ਪੈਵਿਲੀਅਨ
- B ਬਲੈਕਮੋਰ ਪੈਵਿਲੀਅਨ
- C ਬਲੁਸਨ ਸਪਾਈਨਲ ਕੋਰਡ ਸੈਂਟਰਕੋਰਡ ਸੈਂਟਰ
- D ਆਈ ਕੇਅਰ ਸੈਂਟਰ
- E ਜੈਕ ਬੈੱਲ ਰਿਸਰਚ ਸੈਂਟਰ
- F ਮੈਰੀ ਪੈਕ ਆਰਥ੍ਰਾਈਟਸ ਸੈਂਟਰ
- G ਪੈਟੀਸਨ ਪੈਵੇਲੀਅਨ
- H ਰੌਬਰਟ ਐਚ.ਐਨ. ਹੋ ਰਿਸਰਚ ਸੈਂਟਰ
- I ਸੀਗਲ ਪਰਿਵਾਰਕ ਹੈਲਥ ਸੈਂਟਰ
- J ਸਕਿਨ ਕੇਅਰ ਸੈਂਟਰ
- K ਵਿਲੋ ਪੈਵੇਲੀਅਨ
- * ਅਦਾਰੇ ਦਾ ਮੁੱਖ ਦਾਖਲਾ

VANCOUVER.CA/HOSPITALZONE
10THAVENUE@VANCOUVER.CA

Updated January, 2021

# 10TH AVENUE ਹੋਸਪਿਟਲ ਜ਼ੋਨ ਪੜਾਅ 2

## ਸੜਕਾਂ ਵਿੱਚ ਸੁਧਾਰ

2021 ਦੀਆਂ ਸਰਦੀਆਂ – 2021 ਦੀਆਂ ਗਰਮੀਆਂ

### ਪ੍ਰੋਜੈਕਟ ਬਾਰੇ ਸੰਖੇਪ ਜਾਣਕਾਰੀ

ਸਿਟੀ 10th Avenue ’ਤੇ ਸੁਰੱਖਿਆ ਸੁਧਾਰ ਲਾਗੂ ਕਰੇਗੀ, ਜਿਨ੍ਹਾਂ ਨਾਲ ਵੈਨਕੂਵਰ ਜਨਰਲ ਹੋਸਪਿਟਲ ਦੇ ਨੇੜੇ ਸਿਹਤ ਸੇਵਾਵਾਂ ਵਾਲੇ ਅਦਾਰਿਆਂ ਵਿਖੇ ਜਾਣ ’ਤੇ ਅਸਰ ਪਵੇਗਾ।

ਸਾਡਾ ਇਰਾਦਾ ਇਸਦੇ ਪੂਰਾ ਹੋਣ ’ਤੇ 10th Avenue ਨੂੰ ਸਾਰੇ ਵਰਤੋਂਕਾਰਾਂ ਲਈ ਸੁਰੱਖਿਅਤ ਬਣਾਉਣਾ ਹੈ, ਜਿਸ ਵਿੱਚ ਇਲਾਕੇ ਵਿਚਲੇ ਮਰੀਜ਼ਾਂ ਲਈ ਵਧੇਰੇ ਅਰਾਮ ਅਤੇ ਸੁਰੱਖਿਆ ਨੂੰ ਤਰਜੀਹ ਦਿੱਤੀ ਜਾਵੇਗੀ।

ਉਸਾਰੀ ਦੇ ਦੌਰਾਨ, ਸਿਟੀ ਇਲਾਕੇ ਵਿੱਚੋਂ ਲੰਘਣ ਵਾਲੇ ਸਾਈਕਲ ਸਵਾਰਾਂ ਨੂੰ 7th ਜਾਂ 14th Avenue ਨੂੰ ਵਿਕਲਪਕ ਰੂਟ ਵਜੋਂ ਵਰਤਣ ਵਾਸਤੇ ਉਤਸ਼ਾਹਿਤ ਕਰ ਰਹੀ ਹੈ।

ਇਹਨਾਂ ਸੁਧਾਰਾਂ ਦੇ ਸਮੇਂ ਦੌਰਾਨ ਅਸੀਂ ਤੁਹਾਡੇ ਸਬਰ ਦੀ ਪ੍ਰਸ਼ੰਸ਼ਾ ਕਰਦੇ ਹਾਂ।

### ਤੁਹਾਡੇ ਦੌਰਿਆਂ ’ਤੇ ਕੀ ਅਸਰ ਪਵੇਗਾ

ਕਿਰਪਾ ਕਰਕੇ ਆਪਣੀ ਅਪਾਇੰਟਮੈਂਟ ਲਈ ਆਉਣ ਵੇਲੇ ਸਮੇਂ ’ਤੇ ਪਹੁੰਚਣ ਲਈ ਵਧੀਕ ਸਮਾਂ ਰੱਖੋ।

ਉਸਾਰੀ ਦੌਰਾਨ ਸੜਕ ’ਤੇ ਕੀਤੀ ਜਾਂਦੀ ਪਾਰਕਿੰਗ ਪ੍ਰਭਾਵਿਤ ਹੋਵੇਗੀ। ਉਸਾਰੀ ਦੇ ਦੌਰਾਨ 10th Avenue ’ਤੇ Ash St ਤੋਂ Willow St ਤੱਕ ਵਾਹਨਾਂ ਦਾ ਟ੍ਰੈਫ਼ਿਕ ਇੱਕ ਤਰਫ਼ਾ ਰਹੇਗਾ, ਜਿਸ ਵਿੱਚ ਉਸਾਰੀ ਦੀ ਮਿਆਦ ਦੇ ਦੌਰਾਨ ਟ੍ਰੈਫ਼ਿਕ ਦੀ ਦਿਸ਼ਾ ਬਦਲਦੀ ਰਹੇਗੀ। Oak St ਤੋਂ Willow St ਦੇ ਵਿਚਕਾਰ ਵਾਹਨਾਂ ਦਾ ਟ੍ਰੈਫ਼ਿਕ ਦੋ-ਤਰਫ਼ਾ ਟ੍ਰੈਫ਼ਿਕ ਰਹੇਗਾ। ਹਰ ਤਰ੍ਹਾਂ ਦੀ ਸਮਰੱਥਾ ਵਾਲੇ ਲੋਕਾਂ ਲਈ ਸਾਰੇ ਅਦਾਰਿਆਂ ਤੱਕ ਪਹੁੰਚ ਨੂੰ ਬਰਕਰਾਰ ਰੱਖਿਆ ਜਾਵੇਗਾ।

ਜਦੋਂ ਤੁਸੀਂ ਪਹੁੰਚਦੇ ਹੋ, ਤੁਹਾਡੀ ਮੰਜ਼ਿਲ ਨੂੰ ਲੱਭਣ ਵਿੱਚ ਤੁਹਾਡੀ ਮਦਦ ਕਰਨ ਲਈ ਆਸਾਨੀ ਨਾਲ ਪਛਾਣੇ ਜਾ ਸਕਣ ਵਾਲੇ ਕਰਮਚਾਰੀ ਮੌਜੂਦ ਹੋਣਗੇ।
ਕਿਰਪਾ ਕਰਕੇ ਧਿਆਨ ਦਿਓ:

- ਤੁਹਾਡੇ ਸਿਹਤ ਸੇਵਾਵਾਂ ਵਾਲੇ ਅਦਾਰਿਆਂ ਕੋਲ ਰਿਜ਼ਰਵਡ ਪਾਰਕਿੰਗ ਹੋ ਸਕਦੀ ਹੈ ਜੋ ਇਸ ਨਕਸ਼ ’ਤੇ ਨਹੀਂ ਦਿੱਤੀ ਗਈ ਹੈ। ਪਾਰਕਿੰਗ ਸੰਬੰਧੀ ਸਲਾਹ ਲਈ ਕਿਰਪਾ ਕਰਕੇ ਉਹਨਾਂ ਨਾਲ ਗੱਲ ਕਰੋ।
- ਹੋ ਸਕਦਾ ਹੈ ਕਿ ਪਾਰਕਿੰਗ ਸਥਾਨਾਂ ਨੂੰ ਸਿਰਫ ਮਰੀਜ਼ਾਂ ਲਈ ਰਿਜ਼ਰਵ ਕੀਤਾ ਗਿਆ ਹੋਵੇ।
- ਸਾਰੇ ਸਥਾਨਕ ਪਾਰਕਿੰਗ ਨਿਯਮਾਂ ਦਾ ਪਾਲਣ ਕਰੋ।

### ਸਾਡੇ ਨਾਲ ਸੰਪਰਕ ਕਰੋ

ਅਸੀਂ ਇਸ ਪ੍ਰੋਜੈਕਟ ਦੇ ਦੌਰਾਨ ਮਰੀਜ਼ਾਂ ’ਤੇ ਪੈਣ ਵਾਲੇ ਅਸਰ ਨੂੰ ਘੱਟ ਤੋਂ ਘੱਟ ਕਰਨ ਲਈ ਵਚਨਬੱਧ ਹਾਂ, ਅਤੇ ਪ੍ਰਸ਼ਨਾਂ ਅਤੇ ਸੁਝਾਵਾਂ ਨੂੰ ਉਤਸ਼ਾਹਿਤ ਕਰਦੇ ਹਾਂ।

ਈਮੇਲ:
- 10thAvenue@vancouver.ca

ਫ਼ੋਨ:
- ਪ੍ਰੋਜੈਕਟ ਨਾਲ ਸੰਬੰਧਿਤ ਰਿਕਾਰਡ ਕੀਤੇ ਅੱਪਡੇਟਾਂ ਲਈ ਜਾਂ ਪ੍ਰੋਜੈਕਟ ਟੀਮ ਦੇ ਕਿਸੇ ਮੈਂਬਰ ਨਾਲ ਸੰਪਰਕ ਕਰਨ ਲਈ
- 3-1-1
- ਜਾਂ 604-873-7000

## ਵਧੇਰੇ ਜਾਣੋ:

vancouver.ca/hospitalzone

CITY OF VANCOUVER | GREENEST CITY